# ਪੰਜਾਬ ਸਰਕਾਰ

## ਸਿੱਖਿਆ ਵਿਭਾਗ

ਵੱਲ

1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ/ਐ.ਸਿੱ) ਪੰਜਾਬ।
2. ਰਾਜ ਦੇ ਸਮੂਹ ਸਕੂਲ ਮੁੱਖੀ।

ਮੀਮੋ ਨੰ:AD(Co)SSE/2018/4011058
ਮਿਤੀ, ਐਸ.ਏ.ਐਸ ਨਗਰ: 01-08-18

**ਵਿਸ਼ਾ:-** **ਸਕੂਲ ਪ੍ਰਬੰਧ ਨੂੰ ਬੇਹਤਰ ਬਣਾਉਣ ਸਬੰਧੀ ਹਦਾਇਤਾਂ।**

ਹਵਾਲਾ:- ਪੱਤਰ ਨੰ: AD(ਕੋ)SSE/2017(12), ਮਿਤੀ: ਐਸ.ਏ.ਐਸ.ਨਗਰ 18-08-2017 ਦੀ ਲਗਾਤਾਰਤਾ ਵਿੱਚ।

ਉਪਰੋਕਤ ਵਿਸ਼ਾ ਅਤੇ ਹਵਾਲਾ ਅਧੀਨ ਪੱਤਰ ਰਾਹੀਂ ਸਕੂਲ ਪ੍ਰਬੰਧ ਨੂੰ ਬੇਹਤਰ ਬਣਾਉਣ ਲਈ ਰਾਜ ਦੇ ਸਮੂਹ ਸਕੂਲ ਮੁਖੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ ਪ੍ਰੰਤੂ ਸਕੂਲ ਸਿੱਖਿਆ ਸੁਧਾਰ ਟੀਮਾਂ ਅਤੇ ਮੁੱਖ ਦਫ਼ਤਰ ਵੱਲੋਂ ਸਮੇਂ-ਸਮੇਂ ਤੇ ਕੀਤੀ ਜਾਂਦੀ ਸਕੂਲਾਂ ਦੀ ਵਿਜ਼ਟ ਦੌਰਾਨ ਇਹ ਮਹਿਸੂਸ ਕੀਤਾ ਗਿਆ ਕਿ ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਨਹੀਂ ਹੋ ਰਹੀ।

ਉਕਤ ਦੇ ਸਨਮੁੱਖ ਸਮੂਹ ਸਕੂਲ ਮੁੱਖੀਆਂ ਨੂੰ ਇੱਕ ਵਾਰ ਫਿਰ ਹਦਾਇਤ ਕੀਤੀ ਜਾਂਦੀ ਹੈ ਕਿ ਸਕੂਲ ਪ੍ਰਬੰਧ ਨੂੰ ਬੇਹਤਰ ਬਣਾਉਣ ਲਈ ਅਤੇ ਵਿਦਿਆਰਥੀਆਂ ਨੂੰ ਮਿਆਰੀ ਅਤੇ ਗੁਣਵੱਤਾ ਸਿੱਖਿਆ ਮੁਹੱਈਆ ਕਰਵਾਉਣ ਲਈ ਹੇਠ ਲਿਖੇ ਮੁੱਦਿਆਂ 'ਤੇ ਜਾਰੀ ਹਦਾਇਤਾਂ ਅਨੁਸਾਰ ਤੁਰੰਤ ਕਾਰਵਾਈ ਕਰਨੀ ਯਕੀਨੀ ਬਣਾਈ ਜਾਵੇ।—

1. **ਸਕੂਲ ਵਿੱਚ ਸਮੁੱਚੇ ਵਿੱਦਿਅਕ ਮਾਹੌਲ ਦੀ ਸਿਰਜਣਾ ਕਰਨਾ:-** ਸਕੂਲਾਂ ਨੂੰ ਬਿਹਤਰ ਬਣਾਉਣ ਅਤੇ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਮਿਆਰੀ ਅਤੇ ਗੁਣਵੱਤਾ ਸਿੱਖਿਆ ਮੁਹੱਈਆ ਕਰਵਾਉਣ ਲਈ ਪੁਰਜ਼ੋਰ ਉਪਰਾਲੇ ਕੀਤੇ ਜਾਣ।

- ਸਕੂਲ ਮੁੱਖੀ School Management Committee, ਸਥਾਨਕ ਲੋਕਾਂ ਅਤੇ ਮਾਪਿਆਂ ਨਾਲ ਰਾਬਤਾ ਕਾਇਮ ਕਰਕੇ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਵਧਾਉਣ ਲਈ ਵੱਧ ਤੋਂ ਵੱਧ ਉਪਰਾਲੇ ਕਰਨ।

- ਵਿਦਿਆਰਥੀਆਂ ਦੇ ਰਿਜ਼ਲਟ 100% ਲਿਆਉਣ ਲਈ ਪੁਰਜ਼ੋਰ ਉਪਰਾਲੇ ਕੀਤੇ ਜਾਣ।
- ਹਰ ਸਕੂਲ ਮੁੱਖੀ ਵੱਲੋਂ ਆਪਣੇ ਸਕੂਲ ਦਾ ਐਕਸ਼ਨ ਪਲਾਨ ਤਿਆਰ ਕੀਤਾ ਜਾਵੇ ਅਤੇ ਉਸ ਮੁਤਾਬਿਕ ਪੂਰਾ ਸਾਲ ਕੰਮ ਕੀਤਾ ਜਾਵੇ।
- ਸਕੂਲ ਮੁੱਖੀ ਆਪਣੇ ਸਟਾਫ ਅਤੇ ਸਥਾਨਕ ਲੋਕਾਂ ਦੇ ਸਹਿਯੋਗ ਅਤੇ Innovative ਤਰੀਕਿਆਂ ਨਾਲ ਸਕੂਲ ਦੀ ਦਿੱਖ ਸੁਧਾਰਨ ਅਤੇ ਵਿਦਿਆਰਥੀਆਂ ਨੂੰ ਮਿਆਰੀ ਅਤੇ ਗੁਣਾਤਮਕ ਸਿੱਖਿਆ ਮੁਹੱਈਆ ਕਰਵਾਉਣ ਹਿੱਤ ਵੱਧ ਤੋਂ ਵੱਧ ਯਤਨ ਕਰਨ।
- ਸਕੂਲ ਮੁੱਖੀ ਇਸ ਗੱਲ ਨੂੰ ਯਕੀਨੀ ਬਣਾਉਣ ਕਿ ਕਲਾਸ ਇੰਚਾਰਜ ਅਤੇ ਵਿਦਿਆਰਥੀਆਂ ਦਾ ਸਬੰਧ ਅਪੱਣਤਵ ਵਾਲਾ ਹੋਵੇ ਤਾਂ ਜੋ ਵਿਦਿਆਰਥੀ ਆਪਣੀ ਹਰ ਗੱਲ ਆਪਣੇ ਅਧਿਆਪਕ ਨਾਲ ਸਾਂਝੀ ਕਰ ਸਕਣ।
- ਸਕੂਲ ਮੁੱਖੀਆਂ ਵੱਲੋਂ ਆਪਣੇ ਸਕੂਲ ਨੂੰ ਬਿਹਤਰ ਬਣਾਉਣ ਲਈ ਵਧੀਆ ਕਾਰਗੁਜ਼ਾਰੀ ਵਾਲੇ ਸਕੂਲਾਂ ਤੋਂ ਸੇਧ ਲਈ ਜਾਵੇ।
- ਗੈਰ-ਹਾਜ਼ਰ ਵਿਦਿਆਰਥੀਆਂ ਦੇ ਮਾਪਿਆਂ ਨਾਲ ਰਾਬਤਾ ਕਾਇਮ ਕਰਕੇ ਸਕੂਲਾਂ ਵਿੱਚ 100% ਹਾਜ਼ਰੀ ਯਕੀਨੀ ਬਣਾਈ ਜਾਵੇ।
- ਜੇਕਰ ਕੋਈ ਵਿਦਿਆਰਥੀ ਕਿਸੇ ਵਿਸ਼ੇ ਵਿੱਚ ਕਮਜ਼ੋਰ ਹੈ ਤਾਂ ਉਸਦੀ ਪੜ੍ਹਾਈ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣ।
- ਜੇਕਰ ਕੋਈ ਅਧਿਆਪਕ ਲੰਬੇ ਸਮੇਂ ਤੋਂ ਛੁੱਟੀ 'ਤੇ ਹੁੰਦਾ ਹੈ ਤਾਂ ਉਸਦੇ ਵਿਸ਼ੇ ਨਾਲ ਸੰਬੰਧਤ ਅਧਿਆਪਕ ਦੀ ਹੀ adjustment ਕਲਾਸਾਂ ਵਿੱਚ ਕੀਤੀ ਜਾਵੇ।

2. **ਬਿਜਲੀ ਦੀ ਫਜ਼ੂਲ ਖਰਚੀ ਬਾਰੇ:-** ਸਕੂਲਾਂ ਦੇ ਨਿਰੀਖਣ ਦੌਰਾਨ ਆਮ ਵੇਖਣ ਵਿੱਚ ਆਇਆ ਹੈ ਕਿ ਕਲਾਸ ਰੂਮ, ਸਟਾਫ ਰੂਮ, ਕੰਪਿਊਟਰ ਲੈਬ ਜਾਂ ਹੋਰ ਥਾਵਾਂ ਤੇ ਲਾਈਟਾਂ ਅਤੇ ਪੱਖੇ ਬਿਨਾਂ ਕਿਸੇ ਲੋੜ ਦੇ ਵੀ ਚਾਲੂ ਹਾਲਤ ਵਿੱਚ ਰਹਿੰਦੇ ਹਨ। ਇਹ ਬਿਜਲੀ ਦੀ ਫਜ਼ੂਲ ਖਰਚੀ ਹੈ। ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਕੂਲ ਸਮੇਂ ਦੌਰਾਨ ਸਕੂਲ ਵਿੱਚ ਜਦੋਂ ਵੀ ਕਿਤੇ ਬਿਜਲਈ ਉਪਕਰਨ ਬਿਨਾਂ ਲੋੜ ਤੋਂ ਚਲਦੇ ਨਜ਼ਰ ਆਉਣ ਤਾਂ ਉਹਨਾਂ ਨੂੰ ਬੰਦ ਕਰਵਾਉਣਾ ਯਕੀਨੀ ਬਣਾਇਆ ਜਾਵੇ। ਵਿਦਿਆਰਥੀਆਂ ਨੂੰ ਸਮੇਂ-ਸਮੇਂ 'ਤੇ ਅਤੇ ਸਵੇਰ ਦੀ ਸਭਾ ਵਿੱਚ ਬਿਜਲੀ-ਪਾਣੀ ਦੀ ਫਜ਼ੂਲ ਖਪਤ ਸੰਬੰਧੀ ਜਾਗਰੂਕ ਕੀਤਾ ਜਾਵੇ।

3. **ਦਫ਼ਤਰੀ ਕੰਮ ਅਧਿਆਪਕਾਂ ਦੁਆਰਾ ਕਰਨ ਬਾਰੇ:-** ਸਕੂਲਾਂ ਦੇ ਨਿਰੀਖਣ ਦੌਰਾਨ ਇਹ ਗੱਲ ਵਿਭਾਗ ਦੇ ਧਿਆਨ ਵਿੱਚ ਆਈ ਹੈ ਕਿ ਕਈ ਸਕੂਲਾਂ ਵਿੱਚ ਸਕੂਲ ਮੁੱਖੀਆਂ ਵੱਲੋਂ ਸਕੂਲਾਂ ਵਿੱਚ ਕਲਰਕ ਹੋਣ ਦੇ ਬਾਵਜੂਦ ਵੀ ਦਫ਼ਤਰ ਦਾ ਜ਼ਿਆਦਾਤਰ ਕਾਰਜ ਅਧਿਆਪਕਾਂ ਤੋਂ ਕਰਵਾਇਆ ਜਾ ਰਿਹਾ ਹੈ ਜੋ ਕਿ ਨਿਯਮਾਂ ਦੀ

ਉਲੰਘਣਾ ਹੈ ਅਤੇ ਵਿਦਿਆਰਥੀਆਂ ਦੀ ਪੜ੍ਹਾਈ ਦਾ ਵੀ ਨੁਕਸਾਨ ਹੁੰਦਾ ਹੈ। ਮੁੱਖ ਦਫ਼ਤਰ ਵੱਲੋਂ ਵਾਰ-ਵਾਰ ਹਦਾਇਤਾਂ ਜਾਰੀ ਕਰਨ ਦੇ ਬਾਵਜੂਦ ਵੀ ਅਜੇ ਤੱਕ ਇਸ ਰੀਤ ਨੂੰ ਠੱਲ ਨਹੀਂ ਪੈ ਰਹੀ।

ਇਹ ਵੀ ਵੇਖਣ ਵਿੱਚ ਆਇਆ ਹੈ ਕਿ ਕਈ ਸਕੂਲਾਂ ਵਿੱਚ ਨਾਨ-ਟੀਚਿੰਗ ਅਮਲਾ ਜਿਵੇਂ ਐਸ.ਐਲ.ਏ., ਲਾਇਬ੍ਰੇਰੀਅਨ ਅਤੇ ਲਾਇਬ੍ਰੇਰੀ ਰਿਸਟੋਰਰ ਦੀਆਂ ਆਸਾਮੀਆਂ ਭਰੀਆਂ ਹੋਈਆਂ ਹਨ ਅਤੇ ਕਲਰਕ ਦੀ ਆਸਾਮੀ ਖ਼ਾਲੀ ਹੈ। ਕਲਰਕ ਨਾ ਹੋਣ ਦੀ ਸੂਰਤ ਵਿੱਚ ਸਕੂਲ ਮੁੱਖੀਆਂ ਵੱਲੋਂ ਦਫ਼ਤਰੀ ਕੰਮ ਉਕਤ ਨਾਨ-ਟੀਚਿੰਗ ਅਮਲੇ ਤੋਂ ਕਰਵਾਇਆ ਜਾਵੇ।

4. **ਪਖ਼ਾਨਿਆਂ ਦੀ ਸਾਫ਼-ਸਫ਼ਾਈ ਬਾਰੇ:-** ਸਕੂਲਾਂ ਵਿੱਚ ਵਿਦਿਆਰਥੀਆਂ ਦੀ ਚੰਗੀ ਸਿਹਤ ਲਈ ਸਫ਼ਾਈ ਦਾ ਪ੍ਰਬੰਧ ਹੋਣਾ ਬਹੁਤ ਜ਼ਰੂਰੀ ਹੈ ਪ੍ਰੰਤੂ ਅਜੇ ਵੀ ਬਹੁਤ ਸਾਰੇ ਸਕੂਲਾਂ ਵਿੱਚ ਵਿਦਿਆਰਥੀਆਂ ਦੇ ਪਖਾਨਿਆਂ ਦੀ ਸਾਫ਼ ਸਫ਼ਾਈ ਵੱਲ ਕੋਈ ਵਿਸ਼ੇਸ਼ ਧਿਆਨ ਨਹੀਂ ਦਿੱਤਾ ਜਾ ਰਿਹਾ। ਸਕੂਲ ਮੁੱਖੀ ਇਸ ਗੱਲ ਨੂੰ ਯਕੀਨੀ ਬਣਾਉਣ ਕਿ ਵਿਦਿਆਰਥੀਆਂ ਨੂੰ ਸਕੂਲਾਂ ਵਿੱਚ ਸਾਫ਼-ਸੁਥਰਾ ਮਾਹੌਲ ਮੁਹੱਈਆ ਕਰਵਾਉਣ ਲਈ ਲੜਕੇ ਅਤੇ ਲੜਕੀਆਂ ਦੇ ਪਖ਼ਾਨੇ ਸਾਫ਼-ਸੁਥਰੇ ਅਤੇ ਚਾਲੂ ਹਾਲਤ ਵਿੱਚ ਹੋਣ। ਇਨ੍ਹਾਂ ਪਖ਼ਾਨਿਆਂ ਦੀ ਲੋੜੀਂਦੀ ਮੁਰੰਮਤ ਅਤੇ ਰੱਖ-ਰਖਾਵ ਲਈ ਲੋੜੀਂਦਾ ਖਰਚਾ ਕੰਪੋਜ਼ਿਟ ਸਕੂਲ ਗ੍ਰਾਂਟ/ਅਮਲਗਾਮੇਟਿਡ ਫੰਡ ਵਿੱਚੋਂ ਕੀਤਾ ਜਾਵੇ।

5. **ਅਧਿਆਪਕਾਂ ਦੁਆਰਾ ਮੋਬਾਇਲ-ਫ਼ੋਨ ਦੀ ਵਰਤੋਂ ਬਾਰੇ:-** ਵਿਭਾਗ ਵੱਲੋਂ ਇਸ ਦਫਤਰ ਦੇ ਪੱਤਰ ਨੰ: AD(co)/SSE/2017(12), ਮਿਤੀ:ਐਸ.ਏ.ਐਸ.ਨਗਰ 18-08-2017 ਅਤੇ ਪੱਤਰ ਨੰ: AD(co)/SSE/2017(12)/20141034, ਮਿਤੀ:ਐਸ.ਏ.ਐਸ.ਨਗਰ 19-01-2018 ਰਾਹੀਂ ਹਦਾਇਤਾਂ ਜਾਰੀ ਹੋਣ ਦੇ ਬਾਵਜੂਦ ਵੀ ਅਜੇ ਵੀ ਬਹੁਤ ਸਾਰੇ ਅਧਿਆਪਕਾਂ ਵੱਲੋਂ ਕਲਾਸ ਸਮੇਂ ਦੌਰਾਨ ਮੋਬਾਈਲ ਫੋਨ ਦੀ ਵਰਤੋਂ ਕੀਤੀ ਜਾਂਦੀ ਹੈ। ਸਕੂਲ ਮੁੱਖੀ ਇਸ ਗੱਲ ਨੂੰ ਯਕੀਨੀ ਬਣਾਉਣਗੇ ਕਿ ਅਧਿਆਪਕ ਕਲਾਸ ਵਿੱਚ ਮੋਬਾਈਲ ਫੋਨ ਦੀ ਵਰਤੋਂ ਨਾ ਕਰਨ ਅਤੇ ਜਿੱਥੋਂ ਤੱਕ ਹੋ ਸਕੇ ਪੀਰੀਅਡ ਲਗਾਉਣ ਸਮੇਂ ਅਧਿਆਪਕਾਂ ਦੇ ਮੋਬਾਈਲ ਬੰਦ ਹੋਣ। ਜੇਕਰ ਕੋਈ ਵੀ ਅਧਿਆਪਕ ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਦਾ ਹੈ ਤਾਂ ਇਸਦੀ ਜ਼ਿੰਮੇਵਾਰੀ ਸਕੂਲ ਮੁਖੀ ਦੀ ਹੋਵੇਗੀ।

6. **ਵਾਧੇ 'ਤੇ ਚਲ ਰਹੇ ਸਕੂਲ ਮੁੱਖੀ ਦੁਆਰਾ ਕਲਾਸਾਂ ਲੈਣ ਬਾਰੇ:-** ਇਹ ਆਮ ਵੇਖਣ ਵਿੱਚ ਆਇਆ ਹੈ ਕਿ ਜਿਹੜੇ ਸਕੂਲ ਮੁੱਖੀ ਵਾਧੇ 'ਤੇ ਚਲ ਰਹੇ ਹਨ, ਉਨ੍ਹਾਂ ਵੱਲੋਂ ਸਕੂਲ ਨੂੰ ਬਿਹਤਰ ਬਣਾਉਣ ਅਤੇ ਸਕੂਲ-ਪ੍ਰਬੰਧ ਨੂੰ ਸੁਚਾਰੂ ਰੂਪ ਵਿੱਚ ਚਲਾਉਣ ਹਿੱਤ ਕੋਈ ਵਿਸ਼ੇਸ਼ ਯੋਗਦਾਨ ਨਹੀਂ ਪਾਇਆ ਜਾਂਦਾ। ਇਹ ਵੀ ਵਿਭਾਗ ਦੇ ਧਿਆਨ ਵਿੱਚ ਆਇਆ ਹੈ ਕਿ ਸਕੂਲ ਵਿੱਚ ਅਧਿਆਪਕਾਂ ਦੀਆਂ ਆਸਾਮੀਆਂ ਖ਼ਾਲੀ, ਅਧਿਆਪਕਾਂ ਦੇ ਛੁੱਟੀ 'ਤੇ ਹੋਣ ਦੇ ਬਾਵਜੂਦ ਵੀ ਵਾਧੇ 'ਤੇ ਚਲ ਰਹੇ ਸਕੂਲ ਮੁੱਖੀ ਕਲਾਸਾਂ ਨਹੀਂ ਲੈਂਦੇ, ਜਿਸ ਕਾਰਨ ਵਿਦਿਆਰਥੀਆਂ

ਦੀ ਪੜ੍ਹਾਈ ਦਾ ਨੁਕਸਾਨ ਹੁੰਦਾ ਹੈ। ਉਕਤ ਦੇ ਸਨਮੁੱਖ ਹਦਾਇਤ ਕੀਤੀ ਜਾਂਦੀ ਹੈ ਕਿ ਸਕੂਲ-ਪ੍ਰਬੰਧ ਨੂੰ ਸੁਚਾਰੂ ਰੂਪ ਵਿੱਚ ਚਲਾਉਣ ਲਈ ਵਾਧੇ 'ਤੇ ਚਲ ਰਹੇ ਸਕੂਲ ਮੁੱਖੀਆਂ ਵੱਲੋਂ ਬਣਦਾ ਯੋਗਦਾਨ ਪਾਇਆ ਜਾਵੇ ਅਤੇ ਕਲਾਸਾਂ ਲੈਣੀਆਂ ਯਕੀਨੀ ਬਣਾਈਆਂ ਜਾਣ।

7. **ਵਿਦਿਆਰਥੀਆਂ ਤੋਂ ਵਾਧੂ ਫੀਸਾਂ ਅਤੇ ਫੰਡ ਲੈਣ ਸੰਬੰਧੀ:-** ਸਮੇਂ-ਸਮੇਂ 'ਤੇ ਮਾਪਿਆਂ ਤੋਂ ਪ੍ਰਾਪਤ ਹੋਈਆਂ ਸ਼ਿਕਾਇਤਾਂ ਅਤੇ ਸੋਸ਼ਲ ਮੀਡੀਆ ਵਿੱਚ ਛਪੀਆਂ ਖ਼ਬਰਾਂ ਦੇ ਮੱਦੇਨਜ਼ਰ ਵਿਭਾਗ ਦੇ ਧਿਆਨ ਵਿੱਚ ਆਇਆ ਹੈ ਕਿ ਕਈ ਸਕੂਲਾਂ ਵਿੱਚ ਵਿਦਿਆਰਥੀਆਂ ਤੋਂ ਦਾਖ਼ਲੇ ਸਮੇਂ ਦਰਜਾ ਚਾਰ/ਸਫ਼ਾਈ ਸੇਵਕ ਅਤੇ ਸਕੂਲ ਦੀਆਂ ਹੋਰ ਬੁਨਿਆਦੀ ਲੋੜਾਂ ਦੀ ਪੂਰਤੀ ਕਰਨ ਦੇ ਨਾਂ 'ਤੇ ਵਾਧੂ ਫੀਸਾਂ ਅਤੇ ਫੰਡ ਲਏ ਜਾਂਦੇ ਹਨ, ਜਿਨ੍ਹਾਂ ਦੀ ਸਕੂਲ ਵੱਲੋਂ ਨਾ ਤਾਂ ਕੋਈ ਰਸੀਦ ਦਿੱਤੀ ਜਾਂਦੀ ਹੈ ਅਤੇ ਨਾ ਹੀ ਇਸ ਦਾ ਕੋਈ ਰਿਕਾਰਡ ਰੱਖਿਆ ਜਾਂਦਾ ਹੈ। ਇਸ ਤੋਂ ਇਲਾਵਾ ਸਤੰਬਰ, ਦਸੰਬਰ ਅਤੇ ਮਾਰਚ ਦੇ ਮਹੀਨੇ ਵਿੱਚ ਹੋਣ ਵਾਲੀਆਂ ਪ੍ਰੀਖਿਆਵਾਂ ਲਈ ਵਿਦਿਆਰਥੀਆਂ ਤੋਂ ਪੇਪਰ ਫੰਡ ਦੇ ਨਾਂ 'ਤੇ ਪੈਸੇ ਇਕੱਠੇ ਕੀਤੇ ਜਾਂਦੇ ਹਨ। ਸਮੂਹ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਭਵਿੱਖ ਵਿੱਚ ਕਿਸੇ ਵੀ ਹਾਲਤ ਵਿੱਚ ਵਿਦਿਆਰਥੀਆਂ ਤੋਂ ਅਜਿਹੇ ਵਾਧੂ ਫੰਡ/ਫੀਸਾਂ ਨਾ ਲਈਆਂ ਜਾਣ।

9. **ਦਾਨੀ ਸੱਜਣਾਂ ਵੱਲੋਂ ਸਕੂਲਾਂ ਨੂੰ ਦਿੱਤੀ ਜਾਣ ਵਾਲੀ ਵਿੱਤੀ ਸਹਾਇਤਾ ਸੰਬੰਧੀ:-** ਸਕੂਲਾਂ ਵਿੱਚ ਦਾਨੀ ਸੱਜਣਾਂ ਵੱਲੋਂ ਸਕੂਲਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ, ਸਕੂਲਾਂ ਵਿੱਚ ਲੋੜੀਂਦੇ ਇਨਫਰਾਸਟਰੱਕਚਰ ਦੀ ਉਸਾਰੀ ਅਤੇ ਖਰੀਦੋ-ਫਰੋਖਤ ਲਈ ਅਤੇ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਮੁਫ਼ਤ ਵਰਦੀਆਂ, ਸਟੇਸ਼ਨਰੀ ਅਤੇ ਹੋਰ ਲੋੜੀਂਦੀ ਵਿੱਤੀ ਸਹਾਇਤਾ ਮੁਹੱਈਆ ਕਰਵਾਈ ਜਾਂਦੀ ਹੈ। ਪ੍ਰੰਤੂ ਆਮ ਵੇਖਣ ਵਿੱਚ ਆਇਆ ਹੈ ਕਿ ਸਕੂਲ ਮੁੱਖੀਆਂ ਵੱਲੋਂ ਇਨ੍ਹਾਂ ਦਾਨੀ ਸੱਜਣਾਂ ਵੱਲੋਂ ਦਿੱਤੀ ਜਾਂਦੀ ਵਿੱਤੀ ਸਹਾਇਤਾ ਦਾ ਨਾ ਤਾਂ ਕੋਈ ਰਿਕਾਰਡ ਰੱਖਿਆ ਜਾਂਦਾ ਹੈ ਅਤੇ ਨਾ ਹੀ ਮੁੱਖ ਦਫ਼ਤਰ ਨੂੰ ਇਸਦੀ ਜਾਣਕਾਰੀ ਹੁੰਦੀ ਹੈ। ਉਕਤ ਦੇ ਸਨਮੁੱਖ ਹਦਾਇਤ ਕੀਤੀ ਜਾਂਦੀ ਹੈ ਕਿ ਜਿਨ੍ਹਾਂ ਦਾਨੀ ਸੱਜਣਾਂ ਵੱਲੋਂ ਸਕੂਲਾਂ ਦੀਆਂ ਮੁੱਢਲੀਆਂ ਲੋੜਾਂ ਦੀ ਪੂਰਤੀ ਹਿੱਤ 1 ਲੱਖ ਰੁਪਏ ਤੋਂ ਵੱਧ ਵਿੱਤੀ/ਮਾਲੀ ਸਹਾਇਤਾ ਦਿੱਤੀ ਜਾਂਦੀ ਹੈ, ਉਨ੍ਹਾਂ ਦਾਨੀ ਸੱਜਣਾਂ ਦਾ ਵੇਰਵਾ ਮੁੱਖ ਦਫ਼ਤਰ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਵਿਭਾਗ ਵੱਲੋਂ ਇਨ੍ਹਾਂ ਦਾਨੀ ਸੱਜਣਾਂ ਨੂੰ ਸਨਮਾਨਿਤ ਕੀਤਾ ਜਾ ਸਕੇ ਅਤੇ ਇੱਕ ਲੱਖ ਤੋਂ ਘੱਟ/ਵੱਧ ਵਿੱਤੀ ਸਹਾਇਤਾ ਦੇਣ ਵਾਲੇ ਦਾਨੀ ਸੱਜਣਾਂ ਦਾ ਨਾਮ ਸਕੂਲ ਦੇ ਡਿਸਪਲੇ ਬੋਰਡ 'ਤੇ ਵੀ ਦਰਜ ਕੀਤਾ ਜਾਵੇ ਤਾਂ ਜੋ ਬਾਕੀ ਸਮੁਦਾਇ ਨੂੰ ਵੀ ਇਸ ਤੋਂ ਪ੍ਰੇਰਣਾ ਮਿਲ ਸਕੇ।

10. **ਸਕੂਲਾਂ ਦੇ ਪੁਰਾਣੇ ਰਿਕਾਰਡ ਦੀ ਸਾਂਭ-ਸੰਭਾਲ ਸੰਬੰਧੀ:-** ਸਕੂਲ ਸੁਧਾਰ ਟੀਮਾਂ ਵੱਲੋਂ ਸਕੂਲਾਂ ਦੀ visit ਦੌਰਾਨ ਇਹ ਗੱਲ ਦਫ਼ਤਰ ਦੇ ਧਿਆਨ ਵਿੱਚ ਲਿਆਂਦੀ ਗਈ ਹੈ ਕਿ ਕਈ ਸਕੂਲਾਂ ਵਿੱਚ ਫੰਡਾਂ ਦਾ ਪੁਰਾਣਾ ਰਿਕਾਰਡ ਅਤੇ ਪੁਰਾਣੇ ਵਿਦਿਆਰਥੀ ਹਾਜ਼ਰੀ ਰਜਿਸਟਰ ਉਨ੍ਹਾਂ ਅਧਿਆਪਕਾਂ ਕੋਲ ਹੀ ਰਹਿ ਜਾਂਦੇ ਹਨ, ਜਿਨ੍ਹਾਂ

ਨੇ ਇਹ ਮੈਨਟੇਨ ਕੀਤੇ ਹੁੰਦੇ ਹਨ। ਸੰਬੰਧਤ ਅਧਿਆਪਕ ਦੇ ਬਦਲੀ/ਸੇਵਾ ਮੁਕਤ ਹੋ ਜਾਣ ਦੀ ਸੂਰਤ ਵਿੱਚ ਇਸ ਰਿਕਾਰਡ ਦੀ ਕੋਈ ਸਾਂਭ-ਸੰਭਾਲ ਨਹੀਂ ਹੁੰਦੀ ਜਿਸ ਕਾਰਨ ਜ਼ਰੂਰਤ ਪੈਣ 'ਤੇ ਇਹ ਰਿਕਾਰਡ ਸਕੂਲ ਵਿੱਚ ਉਪਲੱਬਧ ਨਹੀਂ ਹੁੰਦਾ। ਸਕੂਲ ਵਿੱਚ ਹਰ ਤਰ੍ਹਾਂ ਦੇ ਰਿਕਾਰਡ ਨੂੰ ਤਰਤੀਬ ਨਾਲ ਰੱਖਣਾ ਅਤੇ ਉਸਦੀ ਸਾਂਭ-ਸੰਭਾਲ ਕਰਨੀ ਸਕੂਲ ਮੁੱਖੀ ਦੀ ਜ਼ਿੰਮੇਵਾਰੀ ਹੋਵੇਗੀ।

12. **ਵੱਖ-ਵੱਖ ਤਰ੍ਹਾਂ ਦੀਆਂ ਲੈਬਜ਼ ਅਤੇ ਆਰਟ ਐਂਡ ਕਰਾਫਟ ਰੂਮਜ਼ ਦੀ ਵਰਤੋਂ ਬਤੌਰ ਕਲਾਸ ਰੂਮ ਕਰਨ ਸੰਬੰਧੀ:-** ਵਿਭਾਗ ਵੱਲੋਂ ਇਸ ਦਫਤਰ ਦੇ ਪੱਤਰ ਨੰ: 1/29-2017 AD(co)/SSE, ਮਿਤੀ:ਐਸ.ਏ.ਐਸ.ਨਗਰ 20-11-2017 ਅਤੇ ਪੱਤਰ ਨੰ: 1/29-2017 AD(co)/SSE/20182295, ਮਿਤੀ:ਐਸ.ਏ.ਐਸ.ਨਗਰ 21-02-2018 ਰਾਹੀਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ ਕਿ ਸਕੂਲਾਂ ਵਿੱਚ ਬਣੀਆਂ ਵੱਖ-ਵੱਖ ਤਰ੍ਹਾਂ ਦੀਆਂ ਲੈਬਜ਼ ਜਿਵੇਂ ਮੈਥ ਲੈਬ, ਸਮਾਜਕ ਲੈਬ ਅਤੇ ਜਿਊਗਰਾਫੀ ਲੈਬ ਆਦਿ ਅਤੇ ਆਰਟ ਐਂਡ ਕਰਾਫਟ ਰੂਮ ਨੂੰ ਬਤੌਰ ਕਲਾਸ ਰੂਮ ਵੱਜੋਂ ਵਰਤਿਆ ਜਾਵੇ। ਪ੍ਰੰਤੂ ਕਈ ਸਕੂਲਾਂ ਵਿੱਚ ਕਮਰਿਆਂ ਦੀ ਘਾਟ ਹੋਣ ਦੇ ਬਾਵਜੂਦ ਵੀ ਇਨ੍ਹਾਂ ਲੈਬਜ਼ ਨੂੰ ਕਲਾਸ ਰੂਮ ਵੱਜੋਂ ਨਹੀਂ ਵਰਤਿਆ ਜਾ ਰਿਹਾ। ਜਿਸ ਕਾਰਨ ਵਿਦਿਆਰਥੀਆਂ ਨੂੰ ਬਾਹਰ ਬੈਠਣ ਲਈ ਮਜ਼ਬੂਰ ਹੋਣਾ ਪੈਂਦਾ ਹੈ। ਸਮੂਹ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਕਲਾਸ ਰੂਮਜ਼ ਦੀ ਘਾਟ ਹੋਣ 'ਤੇ ਇਨ੍ਹਾਂ ਲੈਬਜ਼ ਅਤੇ ਆਰਟ ਐਂਡ ਕਰਾਫਟ ਰੂਮ ਦੀ ਵਰਤੋਂ ਬਤੌਰ ਕਲਾਸ ਰੂਮ ਕੀਤੀ ਜਾਵੇ ਅਤੇ ਕਿਸੇ ਵੀ ਹਾਲਤ ਵਿੱਚ ਸਕੂਲ ਸਮੇਂ ਦੌਰਾਨ ਇਨ੍ਹਾਂ ਨੂੰ ਤਾਲਾ ਲਗਾ ਕੇ ਨਾ ਰੱਖਿਆ ਜਾਵੇ।

**ਸਕੱਤਰ,**
**ਸਕੂਲ ਸਿੱਖਿਆ, ਪੰਜਾਬ**

ਪਿੱਠ ਅੰਕਣ ਨੰ.ਉਕਤ

ਮਿਤੀ: 01-08-18

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਪੀ.ਏ ਟੂ ਸਕੱਤਰ, ਸਕੂਲ ਸਿੱਖਿਆ, ਪੰਜਾਬ।
2. ਡਾਇਰੈਕਟਰ ਜਨਰਲ, ਸਕੂਲ ਸਿੱਖਿਆ, ਪੰਜਾਬ।
3. ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ., ਐ.ਸਿੱ.), ਪੰਜਾਬ।
4. ਡਾਇਰੈਕਟਰ, ਐਸ.ਸੀ.ਈ.ਆਰ.ਟੀ., ਪੰਜਾਬ।
5. ਸਮੂਹ ਸਕੂਲ ਸਿੱਖਿਆ ਸੁਧਾਰ ਕਮੇਟੀਆਂ, ਪੰਜਾਬ।

**ਸਕੱਤਰ,**
**ਸਕੂਲ ਸਿੱਖਿਆ, ਪੰਜਾਬ**